# ਪੰਜਾਬੀ (PUNJABI)
# (210)
## ਮੁਲੰਕਣ ਪੱਤਰ - I Assignment-I
## (ਪਾਠ 1 ਤੋਂ 12)

ਕੁੱਲ ਅੰਕ : 25

**ਨੋਟ** : (i) ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਜ਼ਰੂਰੀ ਹਨ। ਹਰ ਪ੍ਰਸ਼ਨ ਦੇ ਅੰਕ ਉਸ ਦੇ ਸਾਹਮਣੇ ਲਿਖੇ ਹਨ।

(ii) ਉੱਤਰ ਪੁਸਤਕਾਂ ਦੇ ਪਹਿਲੇ ਪੰਨੇ ਉੱਤੇ ਆਪਣਾ ਨਾਂ ਰਜ਼ਿਸਟਰੇਸ਼ਨ ਨੰਬਰ, ਅਧਿਐਨ ਕੇਂਦਰ ਦਾ ਨਾਂ, ਵਿਸ਼ਾ ਆਦਿ ਸਾਫ਼ ਸਾਫ਼ ਸ਼ਬਦਾਂ ਵਿੱਚ ਲਿਖੋ :

1. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਦੋ ਦੇ ਉੱਤਰ ਲੱਗਪਗ 60–80 ਸ਼ਬਦਾਂ ਵਿੱਚ ਲਿਖੋ।

(ੳ) 'ਹਰ ਦਿਹੁੰ ਆਪਣਾ ਮੰਦਰ ਸਾਜੇ ਆਪਣਾ ਦਿਉਤਾ ਘੜੇ' ਡਾ. ਹਰਿਭਜਨ ਸਿੰਘ ਉਪਰੋਕਤ ਪੰਗਤੀ ਵਿੱਚ ਕਿਹੜੇ ਮੰਦਰ ਅਤੇ ਦਿਉਤਾ ਦੀ ਗੱਲ ਕਰਦਾ ਹੈ।

(ਅ) 'ਭੁਲਦੀ ਭਟਕਦੀ ਜੇ ਕਦੀ ਊਂਘ ਆਵੇ

ਪੰਚਬਟੀ ਵਿਚ ਬੈਠਿਆਂ ਹੋਈ ਦਾ ਏ।

'ਸੀਤਾ ਸੰਦੇਸ਼' ਕਵਿਤਾ ਵਿੱਚ ਸੀਤਾ ਕਿੱਥੇ ਬੈਠੀ ਕਿਸ ਨੂੰ ਆਪਣਾ ਦੁੱਖ ਪ੍ਰਗਟ ਕਰ ਰਹੀ ਹੈ।

(ੲ) 'ਸਿਰ ਕਚਕੌਲ ਬਨਾ ਹੱਥ ਲੀਤਾ,

ਪੜ੍ਹਿਆਂ ਦੁਆਰੇ ਫਿਰਿਆ।

ਇਸ ਪੰਗਤੀ ਵਿੱਚ ਭਾਈ ਵੀਰ ਸਿੰਘ 'ਕਚਕੌਲ' ਦਾ ਪ੍ਰਤੀਕ ਲੈ ਕੇ ਕਿੰਨ੍ਹਾਂ ਲੋਕਾਂ ਉੱਪਰ ਵਿਅੰਗ ਕਰ ਰਹੇ ਹਨ ਤੇ ਕਿਉਂ।

2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲੱਗਪਗ 60–80 ਸ਼ਬਦਾਂ ਵਿੱਚ ਲਿਖੋ। (ਕੋਈ ਦੋ ਦੇ)

(ੳ) ਤਾਊ 'ਰੰਗੀ ਰਾਮ' ਨੂੰ ਰਾਤੀਂ ਕਿਹੜਾ ਸੁਪਨਾ ਆਇਆ ਜਿਸ ਦੇ ਕਾਰਣ ਨਗਰ ਦੇ ਮੂਰਖ ਮੰਡਲ ਵਾਲੇ ਤਾਊ ਦੀ ਮਾਤਮੀ ਸਭਾ ਕਿਉਂ ਬੁਲਾਉਂਦੇ ਹਨ?

(ਅ) ਸ੍ਰ. ਕੁਲਵੰਤ ਸਿੰਘ ਵਿਰਕ 'ਧਰਤੀ ਹੇਠਲਾ ਬਲਦ' ਕਹਾਣੀ ਵਿੱਚ 'ਧਰਤੀ ਹੇਠਲਾ ਬਲਦ' ਕਿਸ ਪਾਤਰ ਨੂੰ ਸਮਝਦਾ ਹੈ ਤੇ ਕਿਉਂ?

(ੲ) ਸ੍ਰ. ਸਰਵਣ ਸਿੰਘ ਆਪਣੇ ਲੇਖ 'ਕਬੱਡੀ ਪੰਜਾਬ ਦੀ' ਵਿੱਚ ਕਬੱਡੀ ਦੇ ਖਿਡਾਰੀਆਂ ਦੀ ਤਰਸਯੋਗ ਹਾਲਤ ਬਾਰੇ ਦੁੱਖ ਪਰਗਟ ਕਰਦਾ ਹੈ। ਇਸ ਲਈ ਕੌਣ ਜਿਮੇਂਵਾਰ ਹੈ? 60–80 ਸ਼ਬਦਾਂ ਵਿੱਚ ਲਿਖੋ।

3. ਪ੍ਰੋ. ਪੂਰਨ ਸਿੰਘ 'ਪੰਜਾਬ ਨੂੰ ਕੂਕਾ ਮੈਂ' ਕਵਿਤਾ ਵਿੱਚ ਪੁਰਾਣੇ ਪੰਜਾਬ ਲਈ ਕਿਉਂ ਤਰਸ ਰਿਹਾ ਹੈ। 100 ਸ਼ਬਦਾਂ ਵਿੱਚ ਲਿਖੋ।

**ਜਾਂ**

ਡਾ. ਭਾਈ ਵੀਰ ਸਿੰਘ ਆਪਣੀ ਕਵਿਤਾ 'ਇਲਮ ਅਮਲ' ਦੁਆਰਾ ਕਿਹੜਾ ਸੰਦੇਸ਼ ਤੁਹਾਡੇ ਤੱਕ ਪਹੁੰਚਾਉਣਾ ਚਾਉਂਦੇ ਹਨ ? 100 ਸ਼ਬਦਾਂ ਵਿੱਚ ਲਿਖੋ।

4. ਹੇਠ ਲਿਖੇ ਪੈਰੇ ਨੂੰ ਲੱਗਪਗ ਇਕ ਤਿਹਾਈ ਸ਼ਬਦਾਂ ਵਿੱਚ ਸੰਖੇਪ ਕਰਕੇ ਲਿਖੋ ਤੇ ਕੋਈ ਢੁਕਵਾਂ ਸਿਰਲੇਖ ਵੀ ਦਿਓ।

ਭਾਰਤ ਦੇ ਲੋਕ ਵਕਤ ਦੀ ਕਦਰ ਕਰਨੀ ਸਿੱਖੇ। ਇਸ ਦੀ ਆਦਤ ਘਰੇਲੂ ਜੀਵਨ ਤੋਂ ਹੀ ਅਰੰਭ ਕਰਨੀ ਪਵੇਗੀ। ਜੇ ਅਸੀਂ ਆਪਣੇ ਘਰ ਸਮੇਂ ਦੀ ਕਦਰ ਕਰਾਂਗੇ ਤਾਂ ਹੀ ਬਾਹਰ ਦੇ ਕੰਮ ਸਮੇਂ ਸਿਰ ਕਰਨ ਦੀ ਆਦਤ ਸਿੱਖਾਂਗੇ। ਜਿੱਥੇ ਕਿਤੇ ਜਾਣਾ ਹੋਵੇ, ਸਮੇਂ ਸਿਰ ਜਾਣਾ ਚਾਹੀਦਾ ਹੈ। ਜੋ ਸਮਾਂ ਕਿਸੇ ਨਾਲ ਮੁਕਰਰ ਕੀਤਾ ਹੋਵੇ ਉਸ ਉੱਤੇ ਕਾਇਮ ਰਹਿਣਾ ਚਾਹੀਦਾ ਹੈ। ਜੇ ਅਗਲਾ ਸਮੇਂ ਸਿਰ ਨਾ ਆਵੇ ਤਾਂ ਉਸ ਦੀ ਇੰਤਜਾਰ ਨਾ ਕਰੋ। ਉਹ ਆਪੇ ਸਿੱਧਾ ਹੋ ਜਾਵੇਗਾ ਤੇ ਅੱਗੋਂ ਲਈ ਸਮੇਂ ਦਾ ਪਾਬੰਦ ਵੀ ਹੋ ਸਕਦਾ ਹੈ। ਲੋਕ ਤੁਹਾਨੂੰ ਕੁੱਝ ਚਿਰ ਲਈ ਬੁਰਾ ਭਲਾ ਕਹਿਣਗੇ ਪਰ ਅੰਤ ਵਿੱਚ ਤੁਹਾਡੀ ਇਸ ਆਦਤ ਨਾਲ ਕਈਆਂ ਦਾ ਸੁਧਾਰ ਹੋ ਜਾਵੇਗਾ। ਜਲਸੇ, ਜਲੂਸ, ਮੀਟਿੰਗਾਂ ਸਭ ਸਮੇਂ ਸਿਰ ਹੋਣ ਲੱਗਣਗੀਆਂ। ਇਸ ਨਾਲ ਹੌਲੇ-ਹੌਲੇ ਤੁਹਾਡੇ ਨਾਲ ਲੱਗਣ ਵਾਲੇ ਬੰਦੇ ਸਮੇਂ ਦੇ ਪਾਬੰਦ ਹੋ ਜਾਣਗੇ। ਇਸ ਤਰ੍ਹਾਂ ਆਮ ਜਨਤਾ ਵੀ ਸਮੇਂ ਦੀ ਕਦਰ ਸਿੱਖ ਸਕਦੀ ਹੈ।

**ਜਾਂ**

ਬਹਾਦਰੀ ਦਾ ਜੀਵਨ ਹੀ ਸਭ ਤੋਂ ਵਧੀਆਂ ਜੀਵਨ ਹੈ। ਅਜਿਹੇ ਜੀਵਨ ਦੀ ਸੰਭ ਤੋਂ ਵੱਡੀ ਪਛਾਣ ਇਹ ਹੈ ਕਿ ਇਹ ਇਸ ਗੱਲ ਦੀ ਚਿੰਤਾ ਨਹੀਂ ਕਰਦਾ ਕਿ ਤਮਾਸ਼ਾ ਦੇਖਣ ਵਾਲੇ ਉਸ ਦੇ ਬਾਰੇ ਕੀ ਸੋਚਦੇ ਹੋਣਗੇ। ਲੋਕਾਂ ਦੀ ਪਰਵਾਹ ਕੀਤੇ ਬਿਨਾ ਜੀਉਣ ਵਾਲਾ ਆਦਮੀ ਹੀ ਦੁਨੀਆਂ ਦੀ ਅਸਲੀ ਤਾਕਤ ਹੁੰਦਾ ਹੈ ਅਤੇ ਮਨੁੱਖਤਾ ਨੂੰ ਰੋਸ਼ਨੀ ਵੀ ਅਜਿਹੇ ਆਦਮੀ ਤੋਂ ਹੀ ਮਿਲਦੀ ਹੈ। ਆਲੇ-ਦੁਆਲੇ ਤੋਂ ਡਰ-ਡਰਕੇ ਚੱਲਣਾ ਸਾਧਾਰਨ ਜੀਵ ਦਾ ਕੰਮ ਹੁੰਦਾ ਹੈ। ਕਰਾਂਤੀ ਕਰਨ ਵਾਲੇ ਬਹਾਦਰ ਲੋਕ ਨਾ ਤਾਂ ਆਪਣੇ ਉਦੇਸ਼ ਦੀ ਤੁਲਣਾ ਕਿਸੇ ਗੁਆਂਢੀ ਦੇ ਉਦੇਸ਼ ਨਾਲ ਕਰਦੇ ਹਨ ਅਤੇ ਨਾ ਆਪਣੀ ਚਾਲ ਨੂੰ ਗੁਆਂਢੀ ਦੀ ਚਾਲ ਨਾਲ ਦੇਖ ਕੇ ਮੱਧਮ ਕਰਦੇ ਹਨ।

5. ਪ੍ਰੋਜੈਕਟ

ਆਪਣੇ ਸਰੀਰ ਦਾ ਚਿੱਤਰ ਬਣਾਉਂਦੇ ਹੋਏ ਉਸ ਦੇ ਕੋਈ ਅੰਗਾਂ ਨਾਲ ਸੰਬੰਧਤ ਮੁਹਾਵਰੇ ਲੱਭ ਕੇ ਉਹਨਾਂ ਮੁਹਾਵਰਿਆਂ ਨੂੰ ਆਪਣੇ ਵਾਕਾਂ ਵਿੱਚ ਵਰਤੋਂ।

# ਪੰਜਾਬੀ (PUNJABI)
# (210)
## ਮੁਲੰਕਣ-ਪੱਤਰ - II Assignment-II
## (ਪਾਠ 13 ਤੋਂ 24)

ਕੁੱਲ ਅੰਕ : 25

ਨੋਟ : (i) ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਜ਼ਰੂਰੀ ਹਨ। ਹਰ ਪ੍ਰਸ਼ਨ ਦੇ ਅੰਕ ਉਸ ਦੇ ਸਾਹਮਣੇ ਲਿਖੇ ਹਨ।

(ii) ਉੱਤਰ ਪੁਸਤਕਾ ਦੇ ਪਹਿਲੇ ਪੰਨੇ ਉੱਤੇ ਆਪਣਾ ਨਾਂ ਰਜ਼ਿਸਟਰੇਸ਼ਨ ਨੰਬਰ. ਅਧਿਐਨ ਕੇਂਦਰ ਦਾ ਨਾਂ ਵਿਸ਼ਾ ਆਦਿ ਸਾਫ਼ ਸਾਫ਼ ਸ਼ਬਦਾਂ ਵਿੱਚ ਲਿਖੋ :

1. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਦੋ ਦੇ ਉੱਤਰ ਲੱਗ-ਪਗ 60-80 ਸ਼ਬਦਾਂ ਵਿੱਚ ਲਿਖੋ। (2+2)

(ੳ) ਕਵੀ ਸੁਰਜੀਤ ਪਾਤਰ 'ਇਕ ਪਾਵਨ ਪੁਸਤਕ ਸੜਦੀ ਹੈ' ਵਿੱਚ ਅਜੋਕੇ ਹਾਲਤ ਸਮਾਜ-ਪ੍ਰਬੰਧ ਉੱਤੇ ਚੋਟ ਕਰਦਾ ਹੈ। ਇਸ ਲਈ ਕਵੀ ਕਿਹੜੀ ਗੱਲ ਦਲੀਲ ਲਈ ਪੇਸ਼ ਕਰਦਾ ਹੈ ?

(ਅ) ਡਾ. ਵਨੀਤਾ ਦੀ ਕਵਿਤਾ 'ਯਸ਼ੋਧਰਾ' ਵਿੱਚ ਯਸ਼ੋਧਰਾ ਕਿਸ ਨੂੰ ਨਿਰਵਾਨ ਪ੍ਰਾਪਤ ਕਰਨ ਲਈ ਕਹਿ ਰਹੀ ਹੈ ਤੇ ਕਿਉਂ ? ਤੇ ਉਸ ਨੂੰ ਕਿਹੜੀ ਚੀਜ਼ ਉਦਾਸ ਕਰ ਰਹੀ ਹੈ ?

(ੲ) 'ਝੂਠ ਤੇ ਸੱਚ' ਲੇਖ ਦੇ ਅਧਾਰ ਤੇ ਗੁਰਬਚਨ ਸਿੰਘ ਤਾਲਿਬ ਮਨੁੱਖ ਦੇ ਕਿਹੜੇ ਝੂਠ ਅਤੇ ਸੱਚ ਦੀ ਗੱਲ ਕਰ ਰਿਹਾ ਹੈ। ਆਪਣੇ ਸ਼ਬਦਾਂ ਵਿੱਚ ਲਿਖੋ।

2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 60-80 ਸ਼ਬਦਾਂ ਵਿੱਚ ਲਿਖੋ।

(ੳ) 'ਸੱਚਾ ਸੁੱਖ' ਵਿਸ਼ੇ ਬਾਰੇ ਇੱਕ ਪੈਰਾ ਆਪਣੇ ਸ਼ਬਦਾਂ ਵਿੱਚ ਲਿਖੋ।

(ਅ) ਜੀਵਾਂ ਤੋਂ ਪ੍ਰੇਰਨਾ ਲੈ ਕੇ ਮਨੁੱਖ ਕਿਹੜੀਆਂ ਦੋ ਅਜਿਹੀਆਂ ਕਾਢਾਂ ਕੱਢ ਸਕਦਾ ਹੈ ਜੋ ਬਹੁਤ ਹੀ ਲਾਭਦਾਇਕ ਹੋਣਗੀਆਂ ?

(ੲ) ਸਤਨਾਮ ਦੀ ਜੈਨਬ ਨਾਲ ਬਹੁਤੀ ਹਮਦਰਦੀ ਕਿਉਂ ਹੈ ? 60-80 ਸ਼ਬਦਾਂ ਵਿੱਚ ਲਿਖੋ।

3. ਡਾ. ਆਤਮਜੀਤ ਸਿੰਘ ਦੇ ਇਕਾਂਗੀ 'ਚਿੜੀਆਂ' ਦੇ ਮੁੱਖ ਪਾਤਰ ਬਾਰੇ 80-100 ਸ਼ਬਦਾਂ ਵਿੱਚ ਲਿਖੋ।

ਜਾਂ

ਸ੍ਰ. ਗੁਰਬਖਸ਼ ਸਿੰਘ ਪ੍ਰੀਤਲੜੀ ਬਾਰੇ ਲੇਖਕ ਬਲਰਾਜ ਸਾਹਨੀ ਕਿਹੜੀਆਂ ਮਹਤੱਵਪੂਰਨ ਗੱਲਾਂ ਦਾ ਵਰਣਨ ਕਰ ਰਿਹਾ ਹੈ ਉਸ ਨੂੰ 80-100 ਸ਼ਬਦਾਂ ਵਿੱਚ ਲਿਖੋ।

4. ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਤੇ ਉਸਦਾ ਸਾਰ ਇਕ-ਤਿਹਾਈ ਸ਼ਬਦਾਂ ਵਿੱਚ ਲਿਖੋ।

ਵਿਹਲੇ ਰਹਿਣ ਦੀ ਆਦਤ ਜੇ ਇੱਕ ਵਾਰੀ ਪੱਕੀ ਹੋ ਜਾਵੇ ਤਾਂ ਉਸ ਤੋਂ ਪਿੱਛਾ ਛੁਡਾਉਣਾ ਬਹੁਤ ਔਖਾ ਹੈ। ਜਿਹੜਾ ਮਨੁੱਖ ਵੱਤਰ ਸਮੇਂ ਪੈਲੀ ਨਹੀਂ ਬੀਜਦਾ, ਉਹ ਚੰਗੀ ਫਸਲ ਕਿਵੇਂ ਪ੍ਰਾਪਤ ਕਰ ਸਕਦਾ ਹੈ ? ਗੁਆਚਿਆ ਪੈਸਾ ਮਿਹਨਤ ਨਾਲ ਫਿਰ ਪ੍ਰਾਪਤ ਕੀਤਾ ਜਾ ਸਕਦਾ ਹੈ। ਗੁਆਚੀ ਸਿਹਤ ਵੀ ਦਵਾਈ ਖਾ ਕੇ ਬਣ ਸਕਦੀ ਹੈ ਪਰ ਗੁਆਚਿਆ ਸਮਾਂ ਕਦੇ ਵੀ ਵਾਪਸ ਨਹੀਂ ਲਿਆਇਆ ਜਾ ਸਕਦਾ। ਸਮਾਂ ਇਕ ਵਾਰੀ ਹੱਥੋਂ ਨਿਕਲ ਕੇ ਫਿਰ ਵਾਪਸ ਨਹੀਂ ਆਉਂਦਾ। ਅਸੀਂ ਕਈ ਵਾਰ ਆਪਣੇ ਆਪ ਨੂੰ ਇਹ ਆਖ ਕੇ ਧੋਖਾ ਦਿੰਦੇ ਰਹਿੰਦੇ ਹਾਂ ਕਿ ਸਮਾਂ ਆਉਣ ਤੇ ਅਸੀਂ ਇਹ ਵੀ ਕਰ ਲਵਾਂਗੇ ਤੇ ਉਹ ਅਮੀਰ ਜਾਂ ਵਿਹਲੜ ਬੰਦੇ ਨਹੀਂ ਸਨ ਜਾਂ ਅਜਿਹੇ ਲੋਕ ਵੀ ਨਹੀਂ ਸਨ ਜਿੰਨਾਂ ਕੋਲ ਕਾਫ਼ੀ ਵਿਹਲਾ ਸਮਾਂ ਸੀ। ਸਾਨੂੰ ਸਦਾ ਅਜਿਹੇ ਕੰਮ ਵਿੱਚ ਰੁੱਝੇ ਰਹਿਣ ਵਾਲੇ ਲੋਕਾਂ ਦੇ ਪਿੱਛੇ ਚੱਲਣਾ ਹੈ ਤਾਂ ਹੀ ਸਫਲਤਾ ਸਾਡੇ ਪੈਰ ਚੁੰਮੇਗੀ।

**ਜਾਂ**

ਦੇਸ਼-ਪਿਆਰ ਦੀ ਭਾਵਨਾ ਸਭ ਤੋਂ ਉੱਤਮ ਭਾਵਨਾ ਹੈ। ਜਿਹੜਾ ਵਿਅਕਤੀ ਆਪਣੇ ਦੇਸ ਨੂੰ ਪਿਆਰ ਨਹੀਂ ਕਰਦਾ ਉਹਦਾ ਜੀਵਨ ਵਿਅਰਥ ਹੈ। ਅਸੀਂ ਉਹਨਾਂ ਮਹਾਨ ਸ਼ਖਸ਼ੀਅਤਾਂ ਨੂੰ ਸਦਾ ਸਤਿਕਾਰ ਨਾਲ ਚੇਤੇ ਕਰਦੇ ਹਾਂ, ਜਿੰਨ੍ਹਾਂ ਨੇ ਆਪਣੇ ਦੇਸ ਦੀ ਖਾਤਰ ਕੁਰਬਾਨੀਆਂ ਦਿੱਤੀਆਂ। ਗੁਰੂ ਗੋਬਿੰਦ ਸਿੰਘ ਨੇ ਆਪਣੇ ਦੇਸ ਦੀ ਖਾਤਰ ਆਪਣਾ ਸਰਬੰਸ ਵਾਰ ਦਿੱਤਾ। ਮਹਾਰਾਣਾ ਪ੍ਰਤਾਪ ਨੇ ਆਪਣੇ ਦੇਸ ਦੀ ਆਜਾਦੀ ਲਈ ਅਨੇਕਾਂ ਕਸ਼ਟ ਝੱਲੇ। ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਦੇਸ ਦੀ ਖਾਤਰ ਹੱਸ ਕੇ ਫਾਂਸੀਆਂ ਦੇ ਰੱਸੇ ਚੁੰਮ ਕੇ ਗਲਾਂ ਵਿੱਚ ਪਾਏ। ਸ਼ਹੀਦ ਊਧਮ ਸਿੰਘ ਨੇ ਜ਼ੁਲਮ ਦਾ ਬਦਲਾ ਲੈਣ ਲਈ ਜਨਰਲ ਡਾਇਰ ਦਾ ਇੰਗਲੈਂਡ ਤੱਕ ਪਿੱਛਾ ਕੀਤਾ। ਕਰਤਾਰ ਸਿੰਘ ਸਰਾਭਾ ਨੇ ਵਿਦੇਸ਼ ਵਿੱਚ ਵੀ ਭਾਰਤ ਦੀ ਆਜ਼ਾਦੀ ਦਾ ਝੰਡਾ ਚੁੱਕੀ ਰੱਖਿਆ।

5. ਪ੍ਰੋਜੈਕਟ

ਨਸ਼ਿਆਂ ਦੀ ਜਾਗਰੁਕਤਾ (ਚੇਤਨਾ) ਬਾਰੇ ਆਪਣੀ ਕਾਲੋਨੀ/ਨਗਰ ਵਿੱਚ ਇਕ ਦਿਨ ਦਾ ਕੈਂਪ ਲਗਾਉ। ਕੈਂਪ ਵਿੱਚ ਨਸ਼ਿਆਂ ਦੇ ਨੁਕਸਾਨ ਬਾਰੇ ਪੰਜ ਨਾਇਰਿਆਂ (ਸਲੋਗਨ) ਵਾਲੇ ਬੋਰਡ ਵੀ ਪ੍ਰਦਰਸ਼ਿਤ ਕਰੋ।

# ਪੰਜਾਬੀ (PUNJABI)
# (210)
# ਮੁਲੰਕਣ-ਪੱਤਰ - III Assignment-III
# (ਪਾਠ 25 ਤੋਂ 35)

ਕੁੱਲ ਅੰਕ : 25

ਨੋਟ : (i) ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਜਰੂਰੀ ਹਨ। ਹਰ ਪ੍ਰਸ਼ਨ ਦੇ ਅੰਕ ਉਸਦੇ ਸਾਹਮਣੇ ਲਿਖੇ ਹਨ।

(ii) ਉੱਤਰ ਪੁਸਤਕਾਂ ਦੇ ਪਹਿਲੇ ਪੰਨੇ ਉੱਤੇ ਆਪਣਾ ਨਾਂ ਰਜਿਸਟਰੇਸ਼ਨ ਨੰਬਰ, ਅਧਿਐਨ ਕੇਂਦਰ ਦਾ ਨਾਂ, ਵਿਸ਼ਾ ਆਦਿ ਸਾਫ਼-ਸਾਫ਼ ਸ਼ਬਦਾਂ ਵਿੱਚ ਲਿਖੋ।

1. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਦੋ ਦੇ ਉੱਤਰ ਲੱਗਪਗ 60 ਸ਼ਬਦਾਂ ਵਿੱਚ ਲਿਖੋ।

(ੳ) "ਸਰਮ ਧਰਮ ਦੁਇ ਛਪਿ ਖਲੋਏ,
ਕੂੜ ਫਿਰੈ ਪਰਧਾਨ ਵੇ ਲਾਲੋ॥
ਕਾਜੀਆ ਬਾਮਣਾ ਕੀ ਗਲਿ ਥਕੀ,
ਅਗਦੁ ਪੜੈ ਸੈਤਾਨ ਵੇ ਲਾਲੋ॥

ਉਪਰੋਕਤ ਪੰਗਤੀਆਂ ਵਿੱਚ ਗੁਰੂ ਨਾਨਕ ਦੇਵ ਜੀ ਦੁੱਖ ਦਾ ਪ੍ਰਗਟਾਵਾ ਕਰ ਰਹੇ ਹਨ। ਸੰਖੇਪ ਕਰਕੇ 60-80 ਸ਼ਬਦਾਂ ਵਿੱਚ ਲਿਖੋ।

(ਅ) ਫਰੀਦਾ ਜੋ ਤੈ ਮਾਰਨਿ ਮੁਕੀਆ ਤਿਨਾ ਨ ਮਾਰੈ ਘੁੰਮਿ।।
ਆਪਨੜੇ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ॥

ਬਾਬਾ ਫਰੀਦ ਇਸ ਸਲੋਕ ਦੁਆਰਾ ਕਿਹੜੀ ਸਦਾਚਾਰਕ ਸਿੱਖਿਆ ਦਿੰਦੇ ਹੋਏ ਮਨੁੱਖ ਨੂੰ ਸੰਬੋਧਨ ਕਰਦੇ ਹਨ ਤੇ ਮਨੁੱਖ ਨੂੰ ਕੀ ਯਤਨ ਕਰਨਾ ਚਾਹੀਦਾ ਹੈ। 60-80 ਸ਼ਬਦਾਂ ਵਿੱਚ ਲਿਖੋ।

(ੲ) ਟਿੱਲੇ ਜਾਇ ਕੇ ਜੋਗੀ ਦੇ ਹੱਥ ਜੋੜੇ,
ਸਾਨੂੰ ਆਪਣਾ ਕਰੋ ਫਕੀਰ ਸਾਈਂ।
ਤੇਰੇ ਦਰਸ ਦੀਦਾਰ ਦੇ ਦੇਖਣੇ ਨੂੰ
ਆਇਆ ਦੇਸ ਪ੍ਰਦੇਸ ਮੈਂ ਚੀਰ ਸਾਈਂ।

ਵਾਰਿਸ ਸ਼ਾਹ ਦੇ ਕਿੱਸੇ 'ਹੀਰ' ਵਿੱਚ ਰਾਂਝਾ ਕਿਸ ਕੋਲ ਜਾ ਕੇ ਆਪਣੇ ਮਨ ਦੀ ਭਾਵਨਾ ਪ੍ਰਗਟ ਕਰ ਰਿਹਾ ਹੈ।

2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 80-100 ਸ਼ਬਦਾਂ ਵਿੱਚ ਲਿਖੋ।

ਡਾ. ਪ੍ਰੇਮ ਸਿੰਘ ਆਪਣੇ ਲੇਖ 'ਸਭਿਆਚਾਰ ਅਤੇ ਪੰਜਾਬੀ ਸਭਿਆਚਾਰ' ਵਿੱਚ ਕਿਹੜੇ ਪ੍ਰਾਚੀਨ ਪੰਜਾਬੀ ਸਭਿਆਚਾਰ ਦੀ ਗੱਲ ਕਰ ਰਿਹਾ ਹੈ ਤੇ ਲੇਖਕ ਅਨੁਸਾਰ ਅਜੋਕਾ ਪੰਜਾਬੀ ਸਭਿਆਚਾਰ ਕਿੰਨ੍ਹਾਂ ਦੀ ਦੇਣ ਹੈ।

**ਜਾਂ**

'ਮੇਰੀ ਮਾਂ' ਦਾ ਲੇਖਕ ਨਾਨਕ ਸਿੰਘ ਆਪਣੀ ਮਾਂ ਦੇ ਕਿਹੜੇ ਗੁਣਾਂ ਦਾ ਵਰਣਨ ਕਰ ਰਿਹਾ ਹੈ ਤੇ ਲੇਖਕ ਅਨੁਸਾਰ ਕਿਸ ਦੀ ਸੇਵਾ ਨਾਲ ਮਾਣ-ਸਤਿਕਾਰ ਪ੍ਰਾਪਤ ਹੁੰਦਾ ਹੈ।

3 (ੳ) ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ –

ਕਾਲਾ, ਕੁੜੀ

(ਅ) ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲੋ –
ਧੀ, ਮੁਟਿਆਰ

(ੲ) ਹੇਠ ਲਿਖੇ ਸ਼ਬਦਾਂ ਦੇ ਸਮਾਸੀ ਸ਼ਬਦ ਬਣਾਓ –
ਹੱਥ ਅਤੇ ਕੜੀ, ਰਾਸ਼ਟਰ ਦਾ ਪਤੀ

(ਸ) ਹੇਠ ਲਿਖੇ ਮੁਹਾਵਰਿਆਂ ਨੂੰ ਆਪਣੇ ਵਾਕਾਂ ਵਿੱਚ ਵਰਤੋਂ –
ਉੱਨੀ ਇੱਕੀ ਦਾ ਫਰਕ, ਤੀਰ ਤੁੱਕਾ ਲਾਉਣਾ

4. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ਇਕ ਵਿਸ਼ੇ ਤੇ 150 ਸ਼ਬਦਾਂ ਦਾ ਇਕ ਲੇਖ ਲਿਖੋ —

(i) ਮੇਰੇ ਜੀਵਨ ਦਾ ਉਦੇਸ਼
(ii) ਅਨਪੜ੍ਹਤਾ ਇਕ ਲਾਹਨਤ
(iii) ਪੁਸਤਕਾਂ ਦੀ ਮਹਤੱਤਾ
(iv) ਮੋਬਾਇਲ ਫੋਨ ਦੀ ਦੁਰਵਰਤੋ
(v) ਨਸ਼ਾ-ਬੰਦੀ

5. ਪ੍ਰੋਜੈਕਟ

ਜੰਕ ਫੂਡ (ਫਾਸਟ ਫੂਡ) ਦੀ ਵੱਧ ਰਹੀ ਵਰਤੋਂ ਨੂੰ ਵੇਖਦੇ ਹੋਏ ਉਸ ਦੀਆਂ ਹਾਨੀਆਂ ਦੱਸਦੇ ਹੋਏ ਇਕ ਚਾਰਟ ਤਿਆਰ ਕਰੋ ਤੇ ਕਾਲੋਨੀ/ਨਗਰ ਦੇ ਲੋਕਾਂ ਨੂੰ ਜਾਗਰੂਕ ਕਰਨ ਲਈ ਪ੍ਰਦਰਸ਼ਨੀ ਲਾਓ।